BRAMPTON Flower City
brampton.ca

media release

13 ਮਾਰਚ, 2018

# 2018 ਬ੍ਰੈਂਪਟਨ ਵਿਜੀਟਰ ਗਾਈਡ ਹੁਣ ਉਪਲਬਧ ਹੈ

ਬ੍ਰੈਂਪਟਨ, ਓਨਟੈਰੀਓ – ਹਰੇਕ ਲਈ ਕੁਝ ਨਾ ਕੁਝ ਪੇਸ਼ ਕਰਦੇ ਹੋਏ, 2018 ਬ੍ਰੈਂਪਟਨ ਵਿਜੀਟਰ ਗਾਈਡ (2018 Brampton Visitor Guide) ਹੁਣ ਔਨਲਾਈਨ ਅਤੇ ਪ੍ਰਿੰਟ ਦੇ ਰੂਪ ਵਿੱਚ ਉਪਲਬਧ ਹੈ। ਗਾਈਡ ਨਿਵਾਸੀਆਂ ਅਤੇ ਵਿਜੀਟਰਾਂ ਨੂੰ ਬ੍ਰੈਂਪਟਨ ਵਿੱਚ ਸਾਰੀਆਂ ਰੋਮਾਂਚਕ ਅਤੇ ਮਜ਼ੇਦਾਰ ਗਤੀਵਿਧੀਆਂ ਦੇਖਣ ਅਤੇ ਕਰਨ ਦੀ ਯੋਜਨਾ ਬਣਾਉਣ ਵਿੱਚ ਮਦਦ ਕਰਦੀ ਹੈ। ਇਹ ਪਾਠਕਾਂ ਨੂੰ ਸ਼ਹਿਰ ਵਿੱਚ ਅਕਲਪਿਤ ਖੋਜਾਂ ਅਤੇ ਖ਼ਾਸ ਵਿਸ਼ੇਸ਼ਤਾ ਨਾਲ ਬਣਾਈਆਂ ਗਈਆਂ ਵਿਲੱਖਣ ਥਾਵਾਂ ਨੂੰ ਦੇਖਣ ਲਈ ਸੱਦਾ ਦਿੰਦੀ ਹੈ।

ਗਾਈਡ ਇਹਨਾਂ ਰਾਹੀਂ ਬ੍ਰੈਂਪਟਨ ਨੂੰ ਦਰਸਾਉਂਦੀ ਹੈ:

- ਅਸਲੀ ਪਕਾਉਣ-ਕਲਾ ਸਬੰਧੀ ਅਨੁਭਵ
- ਭਾਈਚਾਰੇ ਦੇ ਪ੍ਰਸਿੱਧ ਮੈਂਬਰ
- ਉਹ ਤਿਓਹਾਰ ਅਤੇ ਕਾਰਜਕਰਮ, ਜੋ ਲੋਕਾਂ ਨੂੰ ਇਕੱਠੇ ਲਿਆਉਂਦੇ ਹਨ
- ਮੁੱਖ ਗਤੀਵਿਧੀਆਂ ਅਤੇ ਆਕਰਸ਼ਣ
- ਗੁਪਤ ਕੁਦਰਤੀ ਥਾਵਾਂ ਅਤੇ ਪਗਡੰਡੀਆਂ
- ਇੱਕ ਜੋਸ਼ੀਲਾ ਕਲਾ ਅਤੇ ਸੰਸਕ੍ਰਿਤੀ ਸਬੰਧੀ ਭਾਈਚਾਰਾ

2018 ਬ੍ਰੈਂਪਟਨ ਵਿਜੀਟਰ ਗਾਈਡ ਟੂਰਿਜ਼ਮ ਟੋਰੋਂਟੋ (Tourism Toronto), ਓਨਟੈਰੀਓ ਦੇ ਰੀਜਨਲ ਟੂਰਿਜ਼ਮ ਸੰਗਠਨ #5 (Regional Tourism Organization #5) ਅਤੇ ਸਿਟੀ ਆਫ ਬ੍ਰੈਂਪਟਨ (City of Brampton) ਦੇ ਸਹਿਯੋਗ ਨਾਲ ਤਿਆਰ ਕੀਤੀ ਗਈ ਹੈ। ਗਾਈਡ ਦੀਆਂ ਕਾਪੀਆਂ ਸਮੁੱਚੇ ਓਨਟੈਰੀਓ ਦੇ ਟੂਰਿਜ਼ਮ ਸੂਚਨਾ ਕੇਂਦਰਾਂ, ਚੈਂਬਰਸ ਆਫ ਕੋਮਰਸ, ਹੋਟਲਾਂ, ਇੰਡਸਟਰੀ ਟੂਰ ਆਪਰੇਟਰਾਂ ਆਦਿ ਨੂੰ ਵੰਡੀਆਂ ਜਾਂਦੀਆਂ ਹਨ।

ਨਿਵਾਸੀਆਂ ਅਤੇ ਵਿਜੀਟਰਾਂ ਨੂੰ ਬ੍ਰੈਂਪਟਨ ਸਿਟੀ ਹਾਲ ਵਿਖੇ ਇੱਕ ਪ੍ਰਿੰਟ ਕਾਪੀ ਲੈਣ ਲਈ ਜਾਂ Tourism Brampton's website (ਟੂਰਿਜ਼ਮ ਬ੍ਰੈਂਪਟਨ ਦੀ ਵੈਬਸਾਈਟ) 'ਤੇ ਉਪਲਬਧ ਇਲੈਕਟ੍ਰੋਨਿਕ ਸੰਸਕਰਨ ਡਾਊਨਲੋਡ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

**ਹਵਾਲਾ:**
"ਭਾਵੇਂ ਤੁਸੀਂ ਸ਼ਹਿਰ ਦੇ ਬਾਹਰੋਂ ਆਉਣ ਵਾਲਿਆਂ (ਵਿਜੀਟਰਾਂ) ਦੀ ਮੇਜਬਾਨੀ ਕਰ ਰਹੇ ਹੋ ਜਾਂ ਆਪਣੇ ਸ਼ਹਿਰ ਨੂੰ ਬਿਹਤਰ ਢੰਗ ਨਾਲ ਜਾਣਨਾ ਚਾਹੁੰਦੇ ਹੋ, ਤਾਂ ਆਪਣੀਆਂ ਯੋਜਨਾਵਾਂ ਬਣਾਉਣ ਲਈ ਵਿਜੀਟਰ ਗਾਈਡ ਦੀ ਵਰਤੋਂ ਕਰੋ। ਇਹ ਗਾਈਡ ਸਾਡੇ ਸ਼ਹਿਰ ਦੇ ਟੂਰਿਸਟ ਆਕਰਸ਼ਣਾਂ ਨੂੰ ਦੇਖਣ, ਪ੍ਰੀਮੀਅਰ ਤਿਓਹਾਰਾਂ, ਕਾਰਜਕਰਮਾਂ ਅਤੇ ਖੇਡ ਟੂਰਨਾਮੈਂਟਾਂ ਵਿੱਚ ਸ਼ਾਮਲ ਹੋਣ ਦੇ ਨਾਲ-ਨਾਲ, ਸਾਡੇ ਕਈ ਪਾਰਕਾਂ ਅਤੇ ਪਗਡੰਡੀਆਂ ਦਾ ਅਨੰਦ ਮਾਨਣ ਵਿੱਚ ਤੁਹਾਡੀ ਮਦਦ ਕਰੇਗੀ। ਨੌਜਵਾਨ ਅਤੇ ਸੱਭਿਆਚਾਰਕ ਰੂਪ ਨਾਲ ਕਿਰਿਆਸ਼ੀਲ, ਬ੍ਰੈਂਪਟਨ ਵਿੱਚ ਤੁਹਾਡੇ ਵੱਲੋਂ ਅਨੰਦ ਮਾਨਣ ਲਈ ਬਹੁਤ ਸਾਰੇ ਕਾਰਜਕਰਮ, ਤਿਓਹਾਰ ਅਤੇ ਮਨੋਰੰਜਨ ਹੈ। ਬ੍ਰੈਂਪਟਨ ਵਿੱਚ ਹਮੇਸ਼ਾ ਕੁਝ ਨਾ ਕੁਝ ਰੋਮਾਂਚਕ ਕਰਨ ਲਈ ਹੁੰਦਾ ਹੈ।"

- ਮੇਅਰ ਲਿੰਡਾ ਜੈਫਰੀ (Linda Jeffrey)

BRAMPTON Flower City brampton.ca

media release

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਨੈਟਲੀ ਸਟੋਗਡਿਲ (Natalie Stogdill)
ਮੀਡੀਆ ਕੋਆਰਡੀਨੇਟਰ
ਸਿਟੀ ਆਫ ਬ੍ਰੈਂਪਟਨ
905.874.3654 | natalie.stogdill@brampton.ca